## ਬ੍ਰੈਂਪਟਨ ਦੇ ਇੱਕ ਹਿੱਸੇ ਵਿੱਚ ਨਵੇਂ ਗਰੁੱਪ ਹੋਮਸ ਅਤੇ ਸਪੋਰਟਿਵ ਹਾਊਸਿੰਗ ਫੈਸਿਲਿਟੀਜ ਤੇ ਅਸਥਾਈ ਤੌਰ ਤੇ ਪਾਬੰਦੀ ਲਗਾਉਣ ਲਈ ਇੰਟਰਮ ਕੰਟਰੋਲ ਬਾਇ-ਲਾੱ ਲਾਗੂ ਕੀਤਾ ਗਿਆ

ਬ੍ਰੈਂਪਟਨ, ਓਨਟੈਰੀਓ (20 ਨਵੰਬਰ, 2019) – ਸਿਟੀ ਕਾਊਂਸਿਲ (City Council) ਨੇ ਅੱਜ ਸਿਟੀ ਦੇ ਇੱਕ ਹਿੱਸੇ ਵਿੱਚ ਨਵੇਂ ਗਰੁੱਪ ਹੋਮਸ ਅਤੇ ਸਪੋਰਟਿਵ ਹਾਊਸਿੰਗ ਫੈਸਿਲਿਟੀਜ ਦੀ ਰਜਿਸਟਰੇਸ਼ਨ ਅਤੇ ਨਿਰਮਾਣ ਤੇ ਅਸਥਾਈ ਤੌਰ ਤੇ ਪਾਬੰਦੀ ਲਗਾਉਣ ਲਈ ਇੰਟਰਮ ਕੰਟਰੋਲ ਬਾਇ-ਲਾੱ (ਆਈ.ਸੀ.ਬੀ.ਐਲ.) ਨੂੰ ਮਨਜ਼ੂਰੀ ਦਿੱਤੀ ਹੈ।

ਨਤੀਜੇ ਵਜੋਂ, ਸਿਟੀ ਹਾਈਵੇ 410, ਬੋਵੇਅਰਡ ਡ੍ਰਾਈਵ, ਡਿਕਸੀ ਰੋਡ ਐਂਡ ਕਵੀਨ ਸਟ੍ਰੀਟ (Highway 410, Bovaird Drive, Dixie Road and Queen Street) ਦੇ ਖੇਤਰ ਵਿੱਚ ਕੋਈ ਵੀ ਨਵੇਂ ਗਰੁੱਪ ਹੋਮਸ (ਟਾਈਪ 1 ਜਾਂ ਟਾਈਪ 2) ਰਜਿਸਟਰ ਨਹੀਂ ਕਰੇਗੀ, ਨਾ ਹੀ ਹਾਊਸਿੰਗ ਫੈਸਿਲਿਟੀਜ ਲਈ ਅਰਜ਼ੀਆਂ ਸਵੀਕਾਰ ਨਹੀਂ ਕਰੇਗੀ। ਇਹ ਖੇਤਰ ਸਿਟੀ ਦੇ ਕੰਪਰੇਹੈਂਸਿਵ ਜ਼ੋਨਿੰਗ ਬਾਇ-ਲਾੱ (Comprehensive Zoning By-law) (270-2004) ਦੇ ਸ਼ੈਡਿਊਲ ਡੀ (Schedule D) ਦੇ 'ਏਰੀਆ 10' ਦੇ ਤੌਰ ਤੇ ਪ੍ਰਸਿੱਧ ਹੈ। ਆਈ.ਸੀ.ਬੀ.ਐਲ. (ICBL) 20 ਮਈ, 2020 ਤੱਕ ਲਾਗੂ ਹੋਵੇਗਾ।

ਕਾਊਂਸਿਲ ਦੇ ਨਿਰਦੇਸ਼ ਤੇ, ਸਿਟੀ ਨੇ ਹੁਣੇ ਜਿਹੇ ਹੀ ਗਰੁੱਪ ਹੋਮਸ ਅਤੇ ਸਪੋਰਟਿਵ ਹਾਊਸਿੰਗ ਫੈਸਿਲਿਟੀਜ ਦੀ ਵਿਆਪਕ ਸਮੀਖਿਆ ਸ਼ੁਰੂ ਕੀਤੀ ਹੈ। 18 ਨਵੰਬਰ ਨੂੰ ਪਲਾਨਿੰਗ ਐਂਡ ਡੇਵਲੈਪਮੈਂਟ (Planning and Development) ਮੀਟਿੰਗ ਵਿੱਚ, ਕਾਊਂਸਲਰਾਂ ਨੇ ਇਹ ਚਿੰਤਾ ਪ੍ਰਗਟ ਕੀਤੀ ਸੀ ਕਿ ਸਮੀਖਿਆ ਪੂਰੀ ਹੋਣ ਤੋਂ ਪਹਿਲਾਂ ਨਵੇਂ ਗਰੁੱਪ ਹੋਮਸ ਲਈ ਅਰਜ਼ੀਆਂ ਰਜਿਸਟਰ ਕਰਨ ਨਾਲ, ਸਿਟੀ ਦੇ ਲੰਮੀ-ਮਿਆਦ ਦੇ ਯੋਜਨਾਬੰਦੀ ਦੇ ਉਦੇਸ਼ਾਂ ਵਿੱਚ ਰੁਕਾਵਟ ਪੈ ਸਕਦੀ ਹੈ, ਜੋ ਬ੍ਰੈਂਪਟਨ ਦੇ ਸਾਰੇ ਨਿਵਾਸੀਆਂ ਦੀ ਲੋੜਾਂ ਤੇ ਧਿਆਨ ਦੇਣ ਲਈ ਹਨ।

### ਗਰੁੱਪ ਹੋਮ ਕੀ ਹੈ?

ਗਰੁੱਪ ਹੋਮ ਇੱਕ ਸਪੋਰਟਿਵ ਹਾਊਸਿੰਗ ਫੈਸਿਲਿਟੀ ਹੈ, ਜੋ ਇੱਕੋ ਹਾਊਸਕੀਪਿੰਗ ਯੂਨਿਟ ਵਿੱਚ ਰਹਿਣ ਵਾਲੇ 4 ਤੋਂ 10 ਵਿਅਕਤੀਆਂ ਲਈ ਨਿਰੀਖਣ ਵਾਲੀ ਥਾਂ ਮੁਹੱਈਆ ਕਰਦੀ ਹੈ। ਉਹਨਾਂ ਦੀ ਭਾਵਨਾਤਮਕ, ਮਾਨਸਿਕ, ਸਮਾਜਿਕ ਜਾਂ ਸਰੀਰਕ ਸਥਿਤੀ ਜਾਂ ਕਨੂੰਨੀ ਸਥਿਤੀ ਦੇ ਕਾਰਨ, ਨਿਵਾਸੀਆਂ ਨੂੰ ਆਪਣੀ ਸਿਹਤ ਲਈ ਗਰੁੱਪ ਵਿੱਚ ਰਹਿਣ ਵਾਲੇ ਪ੍ਰਬੰਧ ਦੀ ਲੋੜ ਹੁੰਦੀ ਹੈ।

ਸਿਟੀ ਗਰੁੱਪ ਹੋਮਸ ਨੂੰ ਦੋ ਸ਼੍ਰੇਣੀਆਂ – ਟਾਈਪ 1 ਅਤੇ ਟਾਈਪ 2 ਵਿੱਚ ਵੰਡਦੀ ਹੈ। ਦੋਵੇਂ ਸ਼੍ਰੇਣੀਆਂ ਵਿਚਕਾਰ ਅੰਦਰ ਦਾ ਵਿਸ਼ਲੇਸ਼ਣ ਰਿਪੋਰਟ ਦੇ ਪੰਨਾ 11.1.24 ਤੇ ਇੱਥੇ (here) ਪ੍ਰਾਪਤ ਕੀਤਾ ਜਾ ਸਕਦਾ ਹੈ। ਗਰੁੱਪ ਹੋਮਸ ਦਾ ਨਿਰੀਖਣ ਆਮ ਤੌਰ ਤੇ ਸੂਬੇ ਵੱਲੋਂ ਕੀਤਾ ਜਾਂਦਾ ਹੈ।

### ਆਈ.ਸੀ.ਬੀ.ਐਲ. ਵੱਲੋਂ ਕਿਸ ਉੱਤੇ ਪਾਬੰਦੀ ਨਹੀਂ ਲਗਾਈ ਜਾਂਦੀ?

- ਉੱਪਰ 'ਏਰੀਆ 10' ਦੇ ਤੌਰ ਤੇ ਵਰਣਨ ਕੀਤੇ ਖੇਤਰ ਦੇ ਬਾਹਰ ਸਥਿਤ ਕੋਈ ਵੀ ਗਰੁੱਪ ਹੋਮਸ ਅਤੇ ਸਪੋਰਟਿਵ ਹਾਊਸਿੰਗ ਫੈਸਿਲਿਟੀਜ
- 'ਏਰੀਆ 10' ਦੇ ਅੰਦਰ ਸਥਿਤ ਕੋਈ ਵੀ ਗਰੁੱਪ ਹੋਮਸ ਅਤੇ ਸਪੋਰਟਿਵ ਹਾਊਸਿੰਗ ਫੈਸਿਲਿਟੀਜ, ਜੋ ਕਨੂੰਨੀ ਤੌਰ ਤੇ 20 ਨਵੰਬਰ ਤੋਂ ਮੌਜੂਦ ਹੋਣ, ਜਦੋਂ ਤੱਕ ਉਹ ਆਪਣੇ ਨਿਯਤ ਉਦੇਸ਼ ਲਈ ਵਰਤੇ ਜਾਂਦੇ ਰਹਿਣ
- ਸਾਰੇ ਰਿਟਾਇਰਮੈਂਟ ਹੋਮਸ, ਨਰਸਿੰਗ ਹੋਮਸ ਅਤੇ ਸੀਨੀਅਰ ਸਿਟੀਜ਼ਨ ਘਰ, ਜਦੋਂ ਤੱਕ ਉਹਨਾਂ ਦੀ ਵਰਤੋਂ ਲਾਗੂ ਖੇਤਰ ਵਿੱਚ ਇਜਾਜ਼ਤ ਦਿੱਤੀ ਵਰਤੋਂ ਦੇ ਤੌਰ ਤੇ ਸੂਚੀਬੱਧ ਹੋਵੇ

BRAMPTON Flower City

brampton.ca

Service and Information Update

**ਮੀਡੀਆ ਸੰਪਰਕ**

ਮੋਨਿਕਾ ਦੁੱਗਲ (Monika Duggal)

ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ

ਸਟ੍ਰੈਟਜਿਕ ਕਮਿਉਨਿਕੇਸ਼ਨ

ਸਿਟੀ ਆਫ ਬ੍ਰੈਂਪਟਨ

905-874-3426 | Monika.Duggal@brampton.ca